**ਦਫਤਰ ਜਿਲਾ ਸਿੱਖਿਆ ਅਫਸਰ(ਸੈ:ਸਿ) ਅੰਮ੍ਰਿਤਸਰ।**

ਵੱਲ,

ਸਮੂਹ ਸਕੂਲ ਮੁਖੀ,

ਪ੍ਰਾਈਵੇਟ/ਏਡਿਡ/ਮਾਨਤਾ ਪ੍ਰਾਪਤ/ਅਨਏਡਿਡ ਐਸੋਸੀਏਟਿਡ,

ਜਿਲਾ ਅੰਮ੍ਰਿਤਸਰ।

ਪੱਤਰ ਨੰ:ਜੀ-5/2019 - 918

ਮਿਤੀ ਅੰਮ੍ਰਿਤਸਰ: 14/6/19

ਵਿਸ਼ਾ: ਸਕੂਲਾਂ ਵਿਚ ਪਹਿਲੀ ਤੋਂ ਲੈ ਕੇ ਦੱਸਵੀਂ ਤੱਕ ਲਾਜਮੀ ਪੰਜਾਬੀ ਦਾ ਵਿਸ਼ਾ ਲਾਗੂ ਕਰਨ ਬਾਰੇ।

ਹਵਾਲਾ: ਪੰਜਾਬ ਸਰਕਾਰ ਸਿੱਖਿਆ ਵਿਭਾਗ ਜੀ ਦੇ ਪੱਤਰ ਨੰ: 17/1-2009ਜੀ ਪੀ-1 (4)201946008-201946009 ਮਿਤੀ 7-2-19 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਦੀ ਹੈ ਕਿ ਸਮੂਹ ਸਕੂਲਾਂ ਵਿਚ ਪਹਿਲੀ ਜਮਾਤ ਤੋਂ ਲੈ ਕੇ ਦੱਸਵੀਂ ਜਮਾਤ ਤੱਕ ਪੰਜਾਬੀ ਦਾ ਵਿਸ਼ਾ ਲਾਜਮੀ ਕੀਤਾ ਜਾਵੇ,ਜੇਕਰ ਸਹੀ ਕਰਤਾ ਦੇ ਧਿਆਨ ਵਿਚ ਕੋਈ ਅਜਿਹਾ ਸਕੂਲ ਆਇਆ ਜਿਸ ਵਿਚ ਪੰਜਾਬੀ ਨਹੀਂ ਪੜਾਈ ਜਾ ਰਹੀ ਤਾਂ ਉਸ ਸਕੂਲ ਵਿਰੁੱਧ ਸਖਤ ਕਾਰਵਾਈ ਕਰਨ ਲਈ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।ਸਾਰੇ ਸਕੂਲਾਂ ਵਿਚ ਸਲੇਬਸ ਮੁਤਾਬਿਕ ਪੰਜਾਬੀ ਵਿਸ਼ੇ ਦੇ ਬਣਦੇ ਪੀਰੀਅਡ ਦਿੱਤੇ ਜਾਣ।ਵਿਦਿਆਰਥੀਆਂ ਨੂੰ ਸਕੂਲ ਵਿਚ ਉਹਨਾਂ ਦੀ ਮਾਤ ਭਾਸ਼ਾ ਪੰਜਾਬੀ ਬੋਲਣ ਤੇ ਰੋਕ ਨਾ ਲਗਾਈ ਜਾਵੇ,ਕਿਉਂਕਿ ਉਹ ਮਾਂ ਬੋਲੀ ਵਿਚ ਆਪਣੇ ਵਿਚਾਰ ਅਤੇ ਹਾਵ ਭਾਵ ਚੰਗੇ ਤਰੀਕੇ ਨਾਲ ਪੇਸ਼ ਕਰ ਸਕਦੇ ਹਨ,ਜੇਕਰ ਉਹਨਾਂ ਤੇ ਇਸ ਤਰਾਂ ਦੀ ਪਾਬੰਦੀ ਲਗਾਈ ਜਾਦੀ ਹੈ ਤਾਂ ਉਹਨਾਂ ਦਾ ਮਾਨਸਿਕ ਵਿਕਾਸ ਤੇ ਬੁਰਾ ਅਸਰ ਪਵੇਗਾ।ਮਾਨਯੋਗ ਸਕੱਤਰ ਸਿੱਖਿਆ ਵਿਭਾਗ ਦੁਆਰਾ ਜਾਰੀ ਨਿਰਦੇਸ਼ਾ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਜਿਲਾ ਸਿੱਖਿਆ ਅਫਸਰ(ਸੈ:ਸਿ)
ਅੰਮ੍ਰਿਤਸਰ। 14/6/19

ਸ

।